# ਪੰਜਾਬ ਐਜੂਸੈਟ ਸੁਸਾਇਟੀ

ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,
ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਸਮੂਹ ਸਕੂਲ ਮੁੱਖੀ ਅਤੇ ਵਿਸ਼ਾ ਅਧਿਆਪਕ (ਵੈਬਸਾਈਟ ਰਾਹੀਂ)

ਮੀਮੋ ਨੰ.: 24/24/2008/PES/Complaints/4372
ਮਿਤੀ: ..11.. ਸਤੰਬਰ, 2013.

ਵਿਸ਼ਾ: ਐਜੂਸੈਟ ਅਧੀਨ ਉਪਕਰਣਾਂ ਦੇ ਰੱਖ ਰੱਖਾਵ ਅਤੇ ਠੀਕ ਕਰਵਾਉਣ ਸਬੰਧੀ ਜਾਣਕਾਰੀ।
ਹਵਾਲਾ: ਇਸ ਦਫਤਰ ਦੇ ਪੱਤਰ ਨੰ. 24/24/2008/PES/Complaints/4063-64, dated 24.05.2013.

1.0 ਹਵਾਲਾ ਅਧੀਨ ਪੱਤਰ ਰਾਹੀਂ ਅੰਗਰੇਜੀ ਵਿੱਚ ਸਿਸਟਮ ਸਬੰਧੀ ਜਾਣਕਾਰੀ ਅਤੇ ਟ੍ਰਬਲਸ਼ੂਟਿੰਗ ਤਕਨੀਕ ਭੇਜੀ ਗਈ ਸੀ। ਇਸ ਤੋਂ ਇਲਾਵਾ ਐਜੂਸੈਟ ਨਾਲ ਸਬੰਧਤ ਕਰਮਚਾਰੀਆਂ ਨੂੰ ਓਪਰੇਸ਼ਨਲ, ਟ੍ਰਬਲਸ਼ੂਟਿੰਗ ਟ੍ਰੇਨਿੰਗ ਕਰਾਉਣ ਉਪਰੰਤ ਰਿਫਰੈਸ਼ਰ ਕੋਰਸ ਵੀ ਸਟੇਟ ਹੱਬ ਵਿਖੇ ਕਰਵਾਏ ਗਏ ਹਨ ਅਤੇ ਹਵਾਲਾ ਅਧੀਨ ਪੱਤਰਾਂ ਰਾਹੀਂ ਵੀ ਐਜੂਸੈਟ ਨੈਟਵਰਕ ਸਬੰਧੀ ਸੂਚਨਾ ਦਿੱਤੀ ਜਾਂਦੀ ਰਹੀ ਹੈ ਪ੍ਰੰਤੂ ਖੇਦ ਹੈ ਕਿ ਫਿਰ ਵੀ ਕਰਮਚਾਰੀ ਵੱਖ-ਵੱਖ ਐਜੂਸੈਟ ਉਪਕਰਣਾ ਦਾ ਨਾਮ ਹਾਲੇ ਵੀ ਠੀਕ ਤਰ੍ਹਾਂ ਨਹੀਂ ਲੈ ਸਕਦੇ (ਹਰ ਇੱਕ ਉਪਕਰਣ ਨੂੰ "ਐਜੂਸੈਟ" ਜਾਂ "ਐਜੂਸੈਟ ਲੈਬ" ਜਾਂ "ਸਮਾਰਟ ਕਲਾਸ ਰੂਮ" ਜਾਂ "ਆਰ.ਓ.ਟੀ ਲੈਬ" ਜਾਂ "ਸਿੱਟ ਲੈਬ" ਕਹਿ ਦਿੰਦੇ ਹਨ), ਜਿਸ ਕਾਰਣ ਤਕਨੀਕੀ ਖਰਾਬੀਆਂ ਠੀਕ ਕਰਵਾਉਣ ਵਿੱਚ ਬੜੀ ਦਿੱਕਤ ਆਉਂਦੀ ਹੈ ਅਤੇ ਦੇਰ ਵੀ ਲਗਦੀ ਹੈ।

2.0 ਐਜੂਸੈਟ ਸੰਸਥਾਵਾਂ ਨਾਲ ਸਬੰਧਤ ਸਮੂਹ ਮੁੱਖੀ/ਵਿਸ਼ਾ ਅਧਿਆਪਕ/ਕਰਮਚਾਰੀ ਕ੍ਰਿਪਾ ਕਰਕੇ ਇਹਨਾਂ ਉਪਕਰਣਾਂ ਬਾਰੇ ਸਹੀ ਜਾਣਕਾਰੀ ਨੋਟ ਕਰ ਲੈਣ ਅਤੇ ਸੰਸਥਾ ਦੇ ਬਾਕੀ ਸਬੰਧਤ ਅਧਿਆਪਕਾਂ/ਕਰਮਚਾਰੀਆਂ ਨੂੰ ਵੀ ਸੂਚਿਤ ਕਰ ਦੇਣ ਤਾਂ ਜੋ ਤਕਨੀਕੀ ਸ਼ਿਕਾਇਤ ਦਰਜ ਕਰਵਾਉਣ ਲਈ ਉਹ ਸਹੀ ਵੇਰਵੇ ਦੇ ਸਕਣ।

*3.0 ਆਰ.ਓ.ਟੀ ਅਤੇ ਐਸ.ਆਈ.ਟੀ ਨੂੰ ਚਾਲੂ ਰੱਖਣ ਅਤੇ ਮਾਮੂਲੀ ਤਕਨੀਕੀ ਸੈਟਿੰਗਜ਼ ਠੀਕ ਕਰਨ ਲਈ ਹਦਾਇਤਾਂ ਗੁਰਮੁੱਖੀ ਵਿੱਚ ਤਿਆਰ ਕੀਤੀਆਂ ਹਨ (ਨੱਥੀ ਅਨੁਲਗ 'ਆਰ.ਓ.ਟੀ' ਅਤੇ ਅਨੁਲਗ 'ਐਸ.ਆਈ.ਟੀ'), ਜੋ ਐਸ.ਆਈ.ਟੀ ਅਤੇ ਆਰ.ਓ.ਟੀ ਨੂੰ ਚਾਲੂ ਰੱਖਣ ਵਿੱਚ ਸਹਾਈ ਹੋਣਗੀਆਂ। ਕ੍ਰਿਪਾ ਕਰਕੇ ਇਹਨਾਂ ਹਦਾਇਤਾਂ ਅਨੁਸਾਰ ਸਿਸਟਮ ਨੂੰ ਚਾਲੂ ਰੱਖਣ ਦੀ ਖੇਚਲ ਕੀਤੀ ਜਾਵੇ।*

ਪ੍ਰਮੁੱਖ ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

*ਨੱਥੀ: ਅਨੁਲਗ 'ਐਸ.ਆਈ.ਟੀ' ਅਤੇ 'ਆਰ.ਓ.ਟੀ'*

ਪਿੱਠਅੰਕਣ ਨੰ.: 24/24/2008/PES/Complaints/4373 ਮਿਤੀ: 11.09.2013

ਉਪਰੋਕਤ ਦਾ ਉਤਾਰਾ ਡੀ.ਐਮ.(ਐਮ.ਆਈ.ਐਸ) ਐਸ.ਐਸ.ਏ ਨੂੰ ਵੈਬਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਪ੍ਰਮੁੱਖ ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

## ਆਰ.ਓ.ਟੀ ਦੇ ਮਾਮੂਲੀ ਤਕਨੀਕੀ ਨੁਕਸ ਨੂੰ ਆਪੇ ਠੀਕ ਕਰਨ ਸਬੰਧੀ।

| ਲੜੀ ਨੰ. | ਨੁਕਸ ਦੀ ਇਲਾਮਤ | ਸੰਭਵ ਕਾਰਣ | ਕੀ ਕੀਤਾ ਜਾਵੇ |
|---|---|---|---|
| 1. | ਨੋ-ਸਿਗਨਲ | ਗਲਤ ਇਨਪੁੱਟ ਦੀ ਚੋਣ ਕਾਰਣ। | ਐਲ.ਐਫ.ਡੀ ਨੂੰ ਚਾਲੂ ਕਰੋ, ਸਜੇ ਪਾਸੇ ਹੇਠਾਂ ਵੱਲ ਪੀ.ਈ.ਐਸ ਦਾ ਲੋਗੋ ਟੀ.ਵੀ ਤੇ ਦੇਖੋ। |
| | | | ਐਲ.ਐਫ.ਡੀ ਦੇ ਰਿਮੋਟ ਦਾ HDMI button ਦਬਾਓ *ਅਤੇ ਫਿਰ HDMI 1 ਚੁਣੋ।* (ਪ੍ਰੋਗਰਾਮ ਚਾਲੂ ਹੋ ਜਾਵੇਗਾ।) |
| | | ਸੈਟ-ਟਾੱਪ ਬਾਕਸ ਨੂੰ ਰੀਸਟਾਰਟ ਕਰਨ ਦੀ ਲੋੜ ਹੈ। | ਐਸ.ਟੀ.ਬੀ ਰਿਮੋਟ ਦਾ ਪਾਵਰ ਬਟਨ ਦੋ ਵਾਰ ਦਬਾਓ, *ਜੇਕਰ Boot ਲਿਖਿਆ ਨਜ਼ਰ ਆ* ਰਿਹਾ ਹੈ ਤਾਂ ਸਿਸਟਮ ਚਾਲੂ ਹੋ ਗਿਆ ਹੈ। |
| | | ਐਨਟੀਨਾਂ ਦੀ ਦਿਸ਼ਾ ਹਿਲ ਗਈ ਹੋ ਸਕਦੀ ਹੈ। | ਸੈਟ-ਟਾੱਪ ਬਾਕਸ ਦੇ ਰਿਮੋਟ ਦਾ Menu button ਦਬਾਓ ਫਿਰ ਉਸ ਵਿੱਚੋਂ TP ਦਾ ਆਪਸ਼ਨ ਚੁੱਣੋ *ਇਸ ਨੂੰ OK ਕਰੋ* ਫਿਰ Edit TP option ਦੀ ਚੋਣ ਕਰੋ ਇਸ ਨਾਲ ਸਿਗਨਲ ਲੈਵਲ ਅਤੇ ਕੁਆਲਿਟੀ ਦੀ *ਰੀਡਿੰਗ ਨੋਟ ਕਰੋ ਸਿਗਨਲ 70 ਤੋਂ ਵੱਧ ਅਤੇ ਕੁਆਲਿਟੀ 65 ਤੋਂ ਵੱਧ ਹੈ ਤਾਂ ਤੁਹਾਡਾ ਸਿਸਟਮ ਠੀਕ ਹੈ।* ਜੇਕਰ ਇਸ ਤੋਂ ਘੱਟ ਹੈ ਤਾਂ ਇਸ ਦੀ ਸ਼ਕਾਇਤ 1800-3000-2050 ਦੇ ਦਰਜ ਕਰਾ ਕੇ ਸ਼ਕਾਇਤ ਨੰਬਰ ਨੋਟ ਕਰ ਲਵੋ। ਲਗਭਗ 5 ਦਿਨਾਂ ਵਿੱਚ ਸ਼ਕਾਇਤ ਹੱਲ ਕਰਨ ਲਈ ਇੰਜੀਨੀਅਰ ਤੁਹਾਡੇ ਕੋਲ ਆਵੇਗਾ। |
| 2. | ਸੈਟ-ਟਾੱਪ ਬੋਕਸ ਚਾਲੂ ਨਹੀਂ ਹੋ ਰਿਹਾ | ਸੈਟ-ਟਾੱਪ ਬੋਕਸ ਦਾ ਅਡੈਪਟਰ ਖਰਾਬ ਹੋ ਗਿਆ ਹੋਵੇਗਾ। | ਚੈਕ ਕਰੋ ਕਿ ਸੈਟ-ਟਾੱਪ ਬਾਕਸ ਵਿੱਚ ਐਲ.ਈ.ਡੀ ਦੀ ਹਰੀ ਬੱਤੀ ਜਗ ਰਹੀ ਹੈ। ਜੇਕਰ ਨਹੀਂ ਤਾਂ ਡੀ.ਸੀ ਇੰਨ ਪੋਰਟ ਨਾਲ ਜੁੜੇ ਅਡੈਪਟਰ ਨੂੰ ਚੈਕ ਕਰੋ। ਜੇਕਰ ਢਿੱਲਾ ਹੈ ਤਾਂ ਕੱਢ ਕੇ ਦੁਬਾਰਾ ਕਸ ਦਿਓ। |
| 3. | ਐਲ.ਐਫ.ਡੀ/ ਪਲਾਜ਼ਮਾ ਤੇ ਕੋਈ ਡਿਸਪਲੇ ਨਹੀਂ ਆ ਰਿਹਾ। | ਢਿੱਲੇ ਕਨੈਕਸ਼ਨ ਕਰਕੇ | ਚੈਕ ਕਰੋ ਕਿ ਐਲ.ਸੀ.ਡੀ ਪਲਾਜ਼ਮਾ ਦੀ ਹਰੀ ਬੱਤੀ ਜਗ ਰਹੀ ਹੈ ਜੇਕਰ ਨਹੀਂ ਤਾਂ ਬਿਜਲੀ ਦੀ ਤਾਰ ਨੂੰ ਚੈਕ ਕਰੋ ਜੋ ਬਿਜਲੀ ਦੇ ਬੋਰਡ ਵਿੱਚ ਲਗੀ ਹੈ। *ਉਸ ਨੂੰ ਟਾਇਟ ਕਰੋ ਸਿਸਟਮ ਚਾਲੂ ਹੋ ਜਾਵੇਗਾ।* |
| | | | ਜੇਕਰ ਹਾਲੇ ਵੀ ਚਾਲੂ ਨਹੀਂ ਹੋਇਆ ਤਾਂ ਬਿਜਲੀ ਦੀ ਤਾਰ ਨੂੰ ਹੋਰ ਪਲੱਗ ਵਿੱਚ ਲਗਾ ਕੇ ਦੇਖੋ। *ਜੇਕਰ ਫਿਰ ਵੀ ਚਾਲੂ ਨਹੀਂ ਹੋਇਆ ਤਾਂ ਹੋ ਸਕਦਾ ਹੈ ਕਿ ਤਾਰ ਖਰਾਬ ਹੋਵੇ।* ਇਸ ਦੀ ਸ਼ਕਾਇਤ 1800-3000-2050 ਦੇ ਦਰਜ ਕਰਾ ਕੇ ਸ਼ਕਾਇਤ ਨੰਬਰ ਨੋਟ ਕਰ ਲਵੋ। ਲਗਭਗ 5 ਦਿਨਾਂ ਵਿੱਚ ਸ਼ਕਾਇਤ ਹੱਲ ਕਰਨ ਲਈ ਇੰਜੀਨੀਅਰ ਤੁਹਾਡੇ ਕੋਲ ਆਵੇਗਾ। |
| | | ਹੋ ਸਕਦਾ ਹੈ ਕਿ ਤੁਹਾਡੇ ਵੱਲੋਂ ਗਲਤ ਇਨਪੁੱਟ ਦੀ ਚੋਣ ਕੀਤੀ ਹੋਵੇ। | ਚੈਕ ਕਰੋ ਕਿ ਐਲ.ਸੀ.ਡੀ ਪਲਾਜ਼ਮਾ ਦੀ ਹਰੀ ਬੱਤੀ ਜਗ ਰਹੀ ਹੈ ਪ੍ਰੰਤੂ ਟੀ.ਵੀ ਤੇ ਸਿਗਨਲ ਨਹੀਂ ਆ ਰਿਹਾ, *HDMI ਕੇਬਲ ਨੂੰ ਚੈਕ ਕਰੋ ਕਿ ਇਹ ਸੈਟ ਟਾੱਪ ਬੋਕਸ ਵਿੱਚ ਚੰਗੀ ਤਰ੍ਹਾਂ ਟਾਇਟ ਫਿੱਟ ਹੈ ਨਹੀਂ ਤਾਂ ਦੁਬਾਰਾ ਕਰ ਦਿਓ ਪ੍ਰੋਗਰਾਮ ਚਾਲੂ ਹੋ ਜਾਵੇਗਾ।*<br>ਜੇਕਰ ਹਾਲੇ ਵੀ ਚਾਲੂ ਨਹੀਂ ਹੋਇਆ ਤਾਂ ਐਲ.ਐਫ.ਡੀ/ਪਲਾਜ਼ਮਾ ਦਾ ਇਨਪੁੱਟ ਚੈਕ ਕਰੋ। *ਐਲ.ਐਫ.ਡੀ ਰਿਮੋਟ ਚੁੱਕੋ ਅਤੇ ਪੀਲਾ HDMI ਬਟਨ ਦਬਾਓ ਅਤੇ HDMI 1 ਦੀ ਚੋਣ ਕਰੋ ਜੇਕਰ ਐਲ.ਐਫ.ਡੀ ਸੈਮਸੰਗ ਦਾ ਹੈ ਅਤੇ ਜੇਕਰ ਐਲ.ਜੀ ਦਾ ਹੈ ਤਾਂ AV1/AV2 ਇਨਪੁੱਟ ਦੀ ਚੋਣ ਕਰੋ।* |
| 4. | ਜੇਕਰ ਹਾਲੇ ਵੀ ਸਿਸਟਮ ਚਾਲੂ ਨਹੀਂ ਹੋਇਆ ਤਾਂ ਆਰ.ਓ.ਟੀ ਹੈਲਪ ਡੈਸਕ ਤੇ ਟਾਲ ਫ੍ਰੀ ਨੰ. 1800-3000-2050 ਤੇ ਸ਼ਕਾਇਤ ਦਰਜ ਕਰਾ ਕੇ ਸ਼ਕਾਇਤ ਨੰਬਰ ਨੋਟ ਕਰ ਲਵੋ। ਲਗਭਗ 5 ਦਿਨਾਂ ਵਿੱਚ ਸ਼ਕਾਇਤ ਹੱਲ ਕਰਨ ਲਈ ਇੰਜੀਨੀਅਰ ਤੁਹਾਡੇ ਕੋਲ ਆਵੇਗਾ। | | |

# ਐਸ.ਆਈ.ਟੀ ਦੇ ਮਾਮੂਲੀ ਤਕਨੀਕੀ ਨੁਕਸ ਨੂੰ ਆਪੇ ਠੀਕ ਕਰਨ ਸਬੰਧੀ। ਅਨੁਲਗ-ਅੱਠ ਆਈ.ਟੀ

| ਲੜੀ ਨੰ. | ਨੁਕਸ ਦੀ ਇਲਾਮਤ | ਸੰਭਵ ਕਾਰਣ | ਕੀ ਕੀਤਾ ਜਾਵੇ |
|---|---|---|---|
| 1. | Communication Failure | LAN ਕੇਬਲ ਖਰਾਬ ਹੋ ਸੁਕਦੀ ਹੈ। | LAN ਪੋਰਟ ਚੈਕ ਕਰੋ ਕਿ ਇਹ ਇਨਏਬਲ ਹੈ ਜਾਂ ਡਿਸਏਬਲ। ਜੇਕਰ LAN ਡਿਸਏਬਲ ਹੈ ਤਾਂ ਰਾਈਟ ਕਲਿੱਕ ਕਰਕੇ ਇਸਨੂੰ ਇਨਏਬਲ ਕਰੋ। |
| | | | ਸੀ.ਪੀ.ਯੂ ਅਤੇ ਮੋਡਮ ਵਿੱਚ ਚੈਕ ਕਰੋ ਕਿ LAN ਕੇਬਲ ਚੰਗੀ ਤਰ੍ਹਾਂ ਲੱਗੀ ਹੋਈ ਹੈ ਕਿ ਨਹੀਂ। |
| | | ਮੋਡਮ ਦੀਆਂ Led's ਜਗ ਨਹੀਂ ਰਹੀਆਂ | ਚੈਕ ਕਰੋ ਕਿ ਮੋਡਮ ਦੀਆਂ ਸਾਰੀਆਂ (5) ਨੀਲੀਆਂ ਬੱਤੀਆਂ ਜਗ ਰਹੀਆਂ ਹਨ ਕਿ ਨਹੀਂ ਜੇ ਨਹੀਂ ਤਾਂ ਆਪਣੇ ਮੋਡਮ ਨੂੰ ਬੰਦ ਕਰਕੇ ਦੁਬਾਰਾ ਚਾਲੂ ਕਰੋ। |
| 2. | ਮਾਡਮ ਦੀ ਪਾਵਰ ਜੇਕਰ On ਨਾ ਹੋਵੇ ਤਾਂ | ਮੋਡਮ ਦਾ ਅਡੈਪਟਰ ਖਰਾਬ ਹੋ ਸਕਦਾ ਹੈ | ਮੋਡਮ ਦੇ ਡੀ.ਸੀ ਇਨ ਪੋਰਟ ਵਿੱਚ ਜਾ ਰਹੀ Grey ਰੰਗ ਦੀ ਕੇਬਲ ਢਿੱਲੀ ਤਾਂ ਨਹੀਂ ਉਸਨੂੰ ਚੈਕ ਕਰਕੇ ਕਸ ਲਿਆ ਜਾਵੇ। |
| | | | ਮੇਂਨ ਪਾਵਰ ਸਪਲਾਈ ਤੋਂ ਆ ਰਹੀ ਅਡੈਪਟਰ ਦੀ ਕੇਬਲ ਦੁਬਾਰਾ ਚੈਕ ਕਰ ਲਈ ਜਾਵੇ। |
| | | | ਜੇਕਰ ਫਿਰ ਵੀ ਸਮਸਿਆ ਆ ਰਹੀ ਹੈ ਤਾਂ ਪਾਵਰ ਕੇਬਲ ਦੂਜੇ ਪਲੱਗ ਵਿੱਚ ਲਾ ਦਿਓ। |
| 3. | ਸੀ.ਪੀ.ਯੂ ਕੰਮ ਨਹੀਂ ਕਰ ਰਿਹਾ | ਕਨੈਕਸ਼ਨ ਢਿੱਲਾ ਹੋ ਸਕਦਾ ਹੈ | ਸੀ.ਪੀ.ਯੂ ਨੂੰ ਜਾਣ ਵਾਲੀ ਪਾਵਰ ਕੇਬਲ ਚੈਕ ਕਰ ਲਈ ਜਾਵੇ ਅਤੇ ਅਕਸਟੈਂਸ਼ਨ ਬੋਰਡ ਤੋਂ ਜੇਕਰ ਪਾਵਰ ਸ਼ੂ ਢਿੱਲਾ ਹੈ ਤਾਂ ਦੁਬਾਰਾ ਕਸ ਕੇ ਲਗਾ ਦਿੱਤਾ ਜਾਵੇ। |
| | | ਬਿਜਲੀ ਦੀ ਤਾਰ ਖਰਾਬ ਹੋ ਸਕਦੀ ਹੈ | ਜੇਕਰ ਸਮੱਸਿਆ ਆਉਂਦੀ ਹੈ ਤਾਂ ਸ਼ੂ ਨੂੰ ਕਿਸੇ ਹੋਰ ਪਲੱਗ ਵਿੱਚ ਲਗਾਓ। |
| 4. | ਅਵਾਜ਼ ਨਾ ਆ ਰਹੀ ਹੋਵੇ | ਐਮਲੀਫਾਇਰ ਖਰਾਬ ਹੋ ਸਕਦਾ ਹੈ | ਸਭ ਤੋਂ ਪਹਿਲਾਂ ਇਹ ਚੈਕ ਕਰੋ ਕਿ ਇਸ ਦੀ ਪਾਵਰ ਕੇਬਲ ਮੇਂਨ ਸਪਲਾਈ ਤੋਂ ਉਤਰੀ ਤਾ ਨਹੀਂ ਹੋਈ ਜਾਂ ਢਿੱਲੀ ਤਾਂ ਨਹੀਂ ਜੇਕਰ ਹੈ ਤਾਂ ਇਸ ਨੂੰ ਦੁਬਾਰਾ ਮੇਂਨ ਸਪਲਾਈ ਨਾਲ ਜੋੜਿਆ ਜਾਵੇ ਅਤੇ ਇਸ ਤੋਂ ਬਾਅਦ ਐਮਪਲੀਫਾਇਰ ਦੀ ਆਵਾਜ਼ ਵੱਧ ਘੱਟ ਕਰਨ ਵਾਲੀਆਂ ਨੋਬਾਂ ਆਪਣੀ ਠੀਕ ਸਥਿਤੀ ਤੇ ਹਨ, ਦੇ ਲਈ ਐਮਲੀਫਾਇਰ ਦੀ SELECT ਨੋਬ AUX ਤੇ, LINE ਨੋਬ 70% ਤੇ ਅਤੇ TREBLE 50% ਅਤੇ BASE ਨੋਬ 50% ਤੇ ਹੋਣੀ ਚਾਹੀਦੀ ਹੈ। ਆਵਾਜ ਖਰਾਬ ਹੋਣ ਦੀ ਸੂਰਤ ਵਿੱਚ ਇਹਨਾਂ ਦਰਸਾਈਆਂ ਗਈਆਂ ਨੋਬਾ ਨੂੰ ਕਮਰੇ ਦੇ ਆਕਾਰ ਦੇ ਹਿਸਾਬ ਨਾਲ ਆਪਣੇ ਤੌਰ ਤੇ ਸੈਟ ਕਰ ਲਿਆ ਜਾਵੇ। |
| | | ਸਪੀਕਰ ਵਿੱਚ ਖਰਾਬੀ ਹੋ ਸਕਦੀ ਹੈ | ਸਪੀਕਰ ਦਾ ਐਮਪਲੀਫਾਇਰ ਨਾਲ ਕਨੈਕਸ਼ਨ ਚੈਕ ਕਰ ਲਿਆ ਜਾਵੇ ਕਿ ਸਪੀਕਰਾਂ ਤੋਂ ਆਉਣ ਵਾਲੀ ਲਾਲ ਅਤੇ ਕਾਲੀ ਤਾਰ ਐਮਲੀਫਾਇਰ ਦੇ ਪਿੱਛਲੇ ਪਾਸੇ 0V ਅਤੇ 100V ਤੇ ਚੰਗੀ ਤਰ੍ਹਾਂ ਲਗੀ ਹੈ ਕਿ ਨਹੀਂ। ਜੇਕਰ ਨਹੀਂ ਤਾਂ ਦੁਬਾਰਾ ਤਾਰਾਂ ਨੂੰ ਚੰਗੀ ਤਰ੍ਹਾਂ ਕਨੈਕਟ ਕਰੋ। |
| | | ਆਡਿਓ ਕੇਬਲ ਖਰਾਬ ਹੋ ਸਕਦੀ ਹੈ | ਚੈਕ ਕਰੋ ਕਿ ਆਡਿਓ ਕੇਬਲ ਸੀ.ਪੀ.ਯੂ ਅਤੇ ਐਮਪਲੀਫਾਇਰ ਦੇ ਨਾਲ ਕਨੈਕਟ ਹੈ ਜੇਕਰ ਨਹੀਂ ਕਨੈਕਟ ਤਾਂ ਇਸ ਨੂੰ ਦੁਬਾਰਾ ਕਨੈਕਟ ਕਰੋ ਅਤੇ ਚੈਕ ਕਰੋ ਕਿ ਆਡਿਓ ਕੇਬਲ ਸਹੀ ਕੰਮ ਕਰ ਰਹੀ ਹੈ ਜਾਂ ਨਹੀਂ। ਇਸਲਈ ਆਡਿਓ ਕੇਬਲ ਨੂੰ ਕੰਪਿਊਟਰ ਦੇ ਪਿੱਛਲੇ ਪਾਸੇ ਦਿੱਤੇ ਹੋਏ ਹਰੇ ਰੰਗ ਦੇ ਆਡਿਓ ਪੋਰਟ ਤੋਂ ਬਾਹਰ ਕੱਢ ਕੇ ਦੁਬਾਰਾ ਲਾ ਦਿਓ। ਜੇਕਰ ਆਡਿਓ ਕੇਬਲ ਸਹੀ ਕੰਮ ਕਰ ਰਹੀ ਹੈ ਤਾਂ ਕੰਪਿਊਟਰ ਦੀ ਸਜੇ ਪਾਸੇ ਦੀ ਟਾਸਕਬਾਰ ਤੇ |

| | | | |
|---|---|---|---|
| | | | ਮੈਸੇਜ ਆਵੇਗਾ *Audio Jack is Plugged In or Plugged Out.* |
| | | ਸਾਊਂਡ ਡਰਾਈਵਰ ਕਰਪਟ ਹੋ ਸਕਦੇ ਹਨ | ਸਾਊਂਡ ਡਰਾਈਵਰ ਚੈਕ ਕਰ ਲਏ ਜਾਣ ਕਿ ਸੀ.ਪੀ.ਯੂ ਵਿੱਚ ਇੰਸਟਾਲ ਹਨ ਕਿ ਨਹੀਂ |
| 5. | ਹੈਂਡੀਕੈਮ ਦੀ ਪਾਵਰ ਆਨ ਨਾ ਹੋਣ ਤੇ | ਪਾਵਰ ਅਡੈਪਟਰ ਵਿੱਚ ਖਰਾਬੀ ਹੋ ਸਕਦੀ ਹੈ | ON ਸਥਿਤੀ ਵਿੱਚ ਹੈਂਡੀਕੈਮ ਦੇ ਪਾਵਰ ਸਵਿੱਚ ਦੇ ਕੋਲ ਹੀ ਰੈਡ ਲਾਈਟ ਜਗਦੀ ਹੋਣੀ ਚਾਹੀਦੀ ਹੈ ਜੇਕਰ ਅਜਿਹਾ ਨਹੀਂ ਹੈ ਤਾਂ ਇੱਕ ਵਾਰ ਅਡੈਪਟਰ ਦੀ ਕੇਬਲ ਉਤਾਰ ਕੇ ਦੁਬਾਰਾ ਲਗਾਈ ਜਾਵੇ ਅਤੇ ਅਡੈਪਟਰ ਦਾ ਮੇਂਨ ਪਾਵਰ ਸਪਲਾਈ ਨਾਲ ਕਨੈਕਸ਼ਨ ਵੀ ਚੈਕ ਕੀਤਾ ਜਾਵੇ। |
| 6 | ਹੈਂਡੀਕੈਮ ਦੇ ਡੈਮੋ ਮੋਡ ਨੂੰ ਕਿਵੇਂ ਬੰਦ ਕੀਤਾ ਜਾਵੇ | ਹੈਂਡੀਕੈਮ ਦੀ ਸੈਟਿੰਗ ਨੂੰ ਬਦਲਨ ਬਾਰੇ | ਡੈਮੋ ਮੋਡ ਆਫ ਹੋਣਾ ਚਾਹੀਦਾ ਹੈ। ਇਸ ਨੂੰ ਬੰਦ ਕਰਨ ਲਈ ਕੈਮਰੇ ਦੇ ਐਲ.ਸੀ.ਡੀ ਦੀ ਡਿਸਪਲੇ ਨੂੰ ਖੋਲੋ ਅਤੇ ਮੈਨੂੰ ਬਟਨ ਨੂੰ ਦਬਾਓ ਅਤੇ ਕੈਮਰੇ ਦੇ ਸਜੇ ਪਾਸੇ ਹੇਠਲੀ ਤਰਫ ਦਿੱਤੇ ਗਏ Push/Select Excel ਬਟਨ ਦੀ ਮਦਦ ਨਾਲ ਡੈਮੋ ਮੋਡ ਆਪਸ਼ਨ ਤੱਕ ਜਾਓ ਅਤੇ ਡੈਮੋ ਮੋਡ ਬੰਦ ਕਰ ਦਿਓ। |
| 7. | ਐਲ.ਐਫ.ਡੀ / ਪਲਾਜਮਾ ਤੇ ਡਿਸਪਲੇ ਨਾ ਹੋਣ ਤੇ | ਢਿੱਲਾ ਕਨੈਕਸ਼ਨ ਹੋਣ ਕਾਰਣ | ON ਸਥਿਤੀ ਵਿੱਚ ਪਲਾਜਮਾ ਵਿੱਚ ਹਰੀ ਐਲ.ਈ.ਡੀ ਜਗਣੀ ਚਾਹੀਦੀ ਹੈ ਜੇਕਰ ਅਜਿਹਾ ਨਹੀਂ ਹੈ ਤਾਂ ਪਾਵਰ ਕਨੈਕਸ਼ਨ ਚੈਕ ਕੀਤਾ ਜਾਵੇ। |
| | | | ਪਾਵਰ ਸਪਲਾਈ ਵਾਲਾ ਸਵਿੱਚ ਵੀ ਬਦਲ ਕੇ ਦੇਖਿਆ ਜਾ ਸਕਦਾ ਹੈ। |
| | | ਗਲਤ ਇਨਪੁੱਟ ਸਿਲੇਕਟ ਹੋਣ ਦੀ ਸਥਿਤੀ ਵਿੱਚ | ਜੇਕਰ ਹਰੀ ਐਲ.ਈ.ਡੀ ਜੱਗ ਰਹੀ ਹੈ ਪਰ ਸਿਗਨਲ ਨਹੀਂ ਆ ਰਿਹਾ ਤਾਂ ਸੀ.ਪੀ.ਯੂ ਨਾਲ ਜੁੜੀ ਹੋਈ ਵੀ.ਜੀ.ਏ ਕੇਬਲ ਉਤਾਰ ਕੇ ਦੁਬਾਰਾ ਸੀ.ਪੀ.ਯੂ ਨਾਲ ਕਨੈਕਟ ਕਰੋ ਇਹ ਢਿੱਲੀ ਹੋ ਸਕਦੀ ਹੈ। ਫਿਰ ਵੀ ਡਿਸਪਲੇ ਨਹੀਂ ਆਉਂਦਾ ਤਾਂ ਐਲ.ਸੀ.ਡੀ. ਦੇ ਰਿਮੋਟ ਤੋਂ ਇਨਪੁੱਟ ਚੈਕ ਕਰੋ ਜੋ ਕਿ ਹੇਠ ਲਿਖੇ ਅਨੁਸਾਰ ਹੋਣੇ ਚਾਹੀਦੇ ਹਨ: ਰਿਮੋਟ ਤੇ ਸੋਰਸ ਬਟਨ ਨੂੰ ਪ੍ਰੈਸ ਕਰੋ ਅਤੇ ਦਿਖਣ ਵਾਲੀਆਂ ਇਨਪੁੱਟ ਆਪਸ਼ਨ ਵਿੱਚ ਆਰ.ਜੀ.ਪੀ/ਪੀ.ਸੀ ਜਾਂ ਪੀ.ਸੀ ਆਪਸ਼ਨ ਸਿਲੈਕਟ ਕਰੋ। |
| 8. | Wireless Audio Receiver ਕੰਮ ਨਾ ਕਰਦਾ ਹੋਵੇ | ਪਾਵਰ ਅਡੈਪਟਰ ਖਰਾਬ ਹੋ ਸਕਦਾ ਹੈ | ਜੇਕਰ Wireless Audio Receiver ਵਿੱਚ ਲਾਲ ਬੱਤੀ ਜਗਦੀ ਹੈ ਤਾਂ ਇਸ ਦਾ ਮਤਲਬ ਹੈ ਕਿ ਬੇਸ ਆਨ ਹੈ ਜੇਕਰ ਇਸ ਤਰ੍ਹਾਂ ਨਹੀਂ ਹੈ ਤਾਂ ਪਾਵਰ ਅਡੈਪਟਰ ਅਤੇ ਮੇਂਨ ਸਪਲਾਈ ਦੀ ਤਾਰ ਦੁਬਾਰਾ ਠੀਕ ਕਰਕੇ ਲਗਾਓ। |
| | | ਮਾਈਕ ਦੀ ਬੈਟਰੀ ਖਰਾਬ ਹੋ ਸਕਦੀ ਹੈ | ਮਾਈਕ ਦੀ ਬੈਟਰੀ ਚੈਕ ਕਰੋ ਤੇ ਮਾਈਕ ਤੇ ਬਣਿਆ ਆਨ ਬਟਨ ਪ੍ਰੈਸ ਕਰੋ ਇਕ ਲਾਲ ਰੰਗ ਦੀ ਬੱਤੀ ਦੋ ਤਿੰਨ ਸੈਕਿੰਡ ਜਗ ਕੇ ਬੰਦ ਹੋ ਜਾਵੇਗੀ ਇਸ ਦਾ ਮਤੱਲਬ ਹੈ ਕਿ ਮਾਈਕ ਦੀ ਬੈਟਰੀ ਠੀਕ ਹੈ ਜੇਕਰ ਲਾਲ ਐਲ.ਈ.ਡੀ ਪੱਕੇ ਤੌਰ (ਮਾਈਕ ਆਨ ਕਰਨ ਉਪਰੰਤ) ਤੇ ਜਗਦੀ ਰਹਿੰਦੀ ਹੈ ਇਸ ਦਾ ਮਤੱਲਬ ਹੈ ਕਿ ਬੈਟਰੀ ਖਤਮ ਹੋ ਗਈ ਹੈ ਇਸ ਨੂੰ ਤੁਰੰਤ ਬਦਲੋ। |
| 9. | ਜੇਕਰ ਹਾਲੇ ਵੀ ਸਿਸਟਮ ਚਾਲੂ ਨਹੀਂ ਹੋਇਆ ਤਾਂ ਐਸ.ਆਈ.ਟੀ ਹੈਲਪ ਡੈਸਕ (ਜਿਲ੍ਹਾ ਐਜੂਸੈਟ ਕੋਆਰਡੀਨੇਟਰ) ਸ਼ਕਾਇਤ ਦਰਜ ਕਰਾ ਕੇ ਸ਼ਕਾਇਤ ਨੰਬਰ ਨੋਟ ਕਰ ਲਵੋ। ਇਹ ਐਸ.ਆਈ.ਟੀ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਅਤੇ ਸੰਸਥਾ ਵੱਲੋਂ ਸਾਂਝੇ ਤੌਰ ਤੇ ਠੀਕ ਕਰਵਾਈ ਜਾਣੀ ਹੈ। | | |